# ਕੀ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ?



## 2023 ਦੀਆਂ ਆਮ ਚੋਣਾਂ ਵਿੱਚ ਵੋਟ ਪਾਓ

ਤੁਸੀਂ 2023 ਦੀਆਂ ਆਮ ਚੋਣਾਂ ਵਿੱਚ ਸੋਮਵਾਰ 2 ਅਕਤੂਬਰ ਤੋਂ ਲੈਕੇ ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਨੂੰ ਸ਼ਾਮ 7 ਵਜੇ ਤੱਕ ਵੋਟ ਪਾ ਸਕਦੇ ਹੋ। ਜਾਣ ਤੋਂ ਪਹਿਲਾਂ ਵੋਟ ਪਾਉਣ ਦੇ ਸਥਾਨਾਂ ਦੇ ਖੁੱਲ੍ਹਣ ਦਾ ਸਮਾਂ ਅਤੇ ਇਹਨਾਂ ਦੇ ਟਿਕਾਣੇ ਵਾਸਤੇ **vote.nz** 'ਤੇ ਜਾਓ।

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ,
ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ।

**ਵਧੇਰੇ ਜਾਣਕਾਰੀ ਇੱਥੋਂ ਮਿਲ ਸਕਦੀ ਹੈ:**

- ਦੇਖੋ: **vote.nz**
- ਕਾਲ ਕਰੋ: **0800 36 76 56**

## Complete this form to authorise someone to collect voting papers on your behalf

**Voter's details. Please print clearly.**

My first name(s) are:

My last name is:

My contact telephone number is:

OFFICIAL USE ONLY:
Index reference

Address where I am enrolled to vote:

Tick the electoral roll you believe you are enrolled on:

☐ General roll ☐ Māori roll

ਵੋਟ ਕਿੱਥੇ ਅਤੇ ਕਦੋਂ ਪਾਉਣੀ ਹੈ, ਇਸ ਬਾਰੇ ਜਾਣਕਾਰੀ **vote.nz** 'ਤੇ ਜਾਂ **0800 36 76 56** 'ਤੇ ਕਾਲ ਕਰਕੇ ਮਿਲ ਸਕਦੀ ਹੈ। ਇਸ ਨੂੰ EasyVote ਪੈਕਾਂ ਵਿੱਚ ਵੀ ਸ਼ਾਮਲ ਕੀਤਾ ਜਾਵੇਗਾ ਜੋ ਸੂਚੀਬੱਧ ਵੋਟਰਾਂ ਨੂੰ ਡਾਕ ਰਾਹੀਂ ਭੇਜੇ ਜਾਣਗੇ।

ਤੁਸੀਂ ਸੋਮਵਾਰ 2 ਅਕਤੂਬਰ ਤੋਂ ਲੈਕੇ ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਨੂੰ ਸ਼ਾਮ 7 ਵਜੇ ਤੱਕ ਵੋਟ ਪਾਉਣ ਦੇ ਸਥਾਨਾਂ 'ਤੇ ਵੋਟ ਪਾ ਸਕਦੇ ਹੋ। ਜਾਣ ਤੋਂ ਪਹਿਲਾਂ ਵੋਟ ਪਾਉਣ ਦੇ ਸਥਾਨਾਂ ਦੇ ਖੁੱਲ੍ਹਣ ਦਾ ਸਮਾਂ ਅਤੇ ਇਹਨਾਂ ਦੇ ਟਿਕਾਣੇ ਵਾਸਤੇ **vote.nz** 'ਤੇ ਜਾਓ। ਵੋਟ ਪਾਉਣ ਦੇ ਸਥਾਨ ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਲੈਕੇ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ।

## ਕੀ ਤੁਸੀਂ ਚੋਣਾਂ ਵਾਲੇ ਦਿਨ ਕੰਮ ਕਰ ਰਹੇ ਹੋ?

ਤੁਹਾਨੂੰ ਚੋਣਾਂ ਵਾਲੇ ਦਿਨ ਵੋਟ ਪਾਉਣ ਲਈ ਜਾਣ ਵਾਸਤੇ ਕੰਮ ਤੋਂ ਛੁੱਟੀ ਲੈਣ ਦੀ ਕਨੂੰਨੀ ਤੌਰ 'ਤੇ ਇਜਾਜ਼ਤ ਹੈ। ਤੁਸੀਂ ਸੋਮਵਾਰ 2 ਅਕਤੂਬਰ ਤੋਂ ਕਿਸੇ ਵੀ ਵੋਟ ਪਾਉਣ ਦੇ ਸਥਾਨ 'ਤੇ ਪਹਿਲਾਂ ਵੀ ਵੋਟ ਪਾ ਸਕਦੇ ਹੋ।

## ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ

ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ, ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੈ। ਵੋਟ ਪਾਉਣ ਦੀਆਂ ਸੇਵਾਵਾਂ ਦਾ ਬੰਦੋਬਸਤ ਕਰਨ ਲਈ ਤੁਹਾਡਾ ਸਥਾਨਕ ਇਲੈਕਟੋਰੇਟ ਮੈਨੇਜਰ ਤੁਹਾਡੇ ਕੇਅਰ ਹੋਮ ਦੇ ਮੈਨੇਜਰ ਨਾਲ ਸੰਪਰਕ ਕਰੇਗਾ।

## ਜੇ ਤੁਸੀਂ ਕਿਸੇ ਹਸਪਤਾਲ ਵਿੱਚ ਹੋ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਇਸ ਲਈ ਨਹੀਂ ਜਾ ਸਕਦੇ ਹੋ ਕਿਉਂਕਿ ਤੁਸੀਂ ਹਸਪਤਾਲ ਵਿੱਚ ਹੋ, ਤਾਂ ਸੋਮਵਾਰ 2 ਅਕਤੂਬਰ ਤੋਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਤੁਹਾਡੇ ਲਈ ਤੁਹਾਡੇ ਵੋਟਿੰਗ ਪੇਪਰ ਲਿਆ ਕੇ ਦੇ ਸਕਦਾ ਹੈ। ਜੇ ਤੁਹਾਡਾ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਹਸਪਤਾਲ ਜਾਣਾ ਤੈਅ ਹੈ, ਤਾਂ ਜੇ ਹੋ ਸਕੇ ਤਾਂ ਸੋਮਵਾਰ 2 ਅਕਤੂਬਰ ਤੋਂ, ਅਗਾਊਂ ਵੋਟ ਪਾਉਣੀ ਤੁਹਾਡੇ ਲਈ ਸਭ ਤੋਂ ਚੰਗਾ ਹੈ। ਵਧੇਰੇ ਜਾਣਕਾਰੀ ਵਾਸਤੇ ਸਾਨੂੰ **0800 36 76 56** 'ਤੇ ਕਾਲ ਕਰੋ।

## ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ ਤਾਂ ਤੁਹਾਡੇ ਵਿਕਲਪ

ਅਸੀਂ ਉਹਨਾਂ ਲੋਕਾਂ ਲਈ ਵੋਟ ਪਾਉਣ ਦੀਆਂ ਸੇਵਾਵਾਂ ਪ੍ਰਦਾਨ ਕਰਾਉਂਦੇ ਹਾਂ ਜੋ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹਨ। ਜੇ ਤੁਸੀਂ ਖੁਦ ਜਾਕੇ ਵੋਟ ਨਹੀਂ ਪਾ ਸਕਦੇ ਹੋ, ਉਦਾਹਰਨ ਲਈ, ਮਾੜੀ ਸਿਹਤ ਜਾਂ ਤੁਰਨ-ਫਿਰਨ ਵਿੱਚ ਮੁਸ਼ਕਿਲ ਕਰਕੇ, ਤਾਂ ਤੁਸੀਂ ਕਿਸੇ ਨੂੰ ਤੁਹਾਡੇ ਵੋਟਿੰਗ ਪੇਪਰ ਲਿਆਉਣ ਲਈ ਕਹਿ ਸਕਦੇ ਹੋ ਜਾਂ ਤੁਸੀਂ ਤੁਹਾਨੂੰ ਵੋਟਿੰਗ ਪੇਪਰ ਭੇਜੇ ਜਾਣ ਵਾਸਤੇ ਅਰਜ਼ੀ ਦੇ ਸਕਦੇ ਹੋ।

## ਕਿਸੇ ਨੂੰ ਕਹੋ ਕਿ ਉਹ ਤੁਹਾਡੇ ਵੋਟਿੰਗ ਪੇਪਰ ਲੈ ਕੇ ਆਵੇ

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਤਾਂ ਨਾਲ ਨੱਥੀ ਫਾਰਮ ਭਰੋ ਅਤੇ ਇਸ 'ਤੇ ਦਸਤਖਤ ਕਰੋ ਅਤੇ ਕਿਸੇ ਨੂੰ ਕਹੋ ਕਿ ਉਹ ਤੁਹਾਡੀ ਥਾਂ 'ਤੇ ਇਸ ਨੂੰ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਲੈ ਜਾਵੇ। ਫੇਰ ਉਹ ਤੁਹਾਡੇ ਵੱਲੋਂ ਭਰੇ ਜਾਣ ਵਾਸਤੇ ਤੁਹਾਡੇ ਵੋਟਿੰਗ ਪੇਪਰ ਤੁਹਾਡੇ ਕੋਲ ਲੈ ਕੇ ਆਉਣਗੇ।

ਜੇ ਅਜਿਹਾ ਕੋਈ ਵਿਅਕਤੀ ਨਹੀਂ ਹੈ ਜੋ ਤੁਹਾਡੀ ਤਰਫ਼ੋਂ ਤੁਹਾਡੇ ਵੋਟਿੰਗ ਪੇਪਰ ਲੈ ਸਕੇ, ਤਾਂ ਹੋ ਸਕਦਾ ਹੈ ਅਸੀਂ ਇਹ ਤੁਹਾਡੇ ਕੋਲ ਪਹੁੰਚਾ ਸਕੀਏ। ਕਿਰਪਾ ਕਰਕੇ ਸਾਨੂੰ **0800 36 76 56** 'ਤੇ ਕਾਲ ਕਰੋ।

## ਤੁਹਾਡੇ ਵੋਟਿੰਗ ਪੇਪਰਾਂ ਨੂੰ ਵਾਪਸ ਕਿਵੇਂ ਭੇਜਣਾ ਹੈ

ਤੁਸੀਂ:

ਕਿਸੇ ਨੂੰ ਕਹਿ ਸਕਦੇ ਹੋ ਕਿ ਉਹ ਤੁਹਾਡੇ ਭਰੇ ਹੋਏ ਵੋਟਿੰਗ ਪੇਪਰ ਸ਼ਨੀਵਾਰ 14 ਅਕਤੂਬਰ ਨੂੰ ਸ਼ਾਮ 7 ਵਜੇ ਤੋਂ ਪਹਿਲਾਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਸੌਂਪ ਦੇਵੇ।

ਜੇ ਤੁਹਾਡੇ ਕੋਲ ਰਿਟਰਨ ਕੋਰੀਅਰ ਪੈਕ ਹੈ, ਤਾਂ ਕੋਰੀਅਰ ਪਿਕਅਪ ਦਾ ਬੰਦੋਬਸਤ ਕਰਨ ਲਈ ਪੈਕ ਉੱਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ, ਨਹੀਂ ਤਾਂ ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਸਾਨੂੰ **0800 36 76 56** 'ਤੇ ਕਾਲ ਕਰੋ।

## Give my voting papers to the person I have authorised

**The name of the person I have authorised to collect and deliver my voting papers to me is:**

______________________

✓ ☐ **I have been authorised to collect and deliver voting papers to the voter named on this form.**

| Signature of authorised person | Date |
|---|---|
| | |

| Signature of voter | Date |
|---|---|
| | |

**Note: this application must be signed for it to be valid**

ELECTORAL COMMISSION
TE KAITIAKI TAKE KŌWHIRI